# ਇਸ਼ਤਿਹਾਰ

ਦੀ ਫਤਿਹਗੜ੍ਹ ਸਾਹਿਬ ਕੇਂਦਰੀ ਸਹਿਕਾਰੀ ਬੈਂਕ ਲਿਮ., ਫਤਿਹਗੜ੍ਹ ਸਾਹਿਬ ਵੱਲੋਂ ਬੈਂਕ ਨਾਲ ਲੱਗਦੀਆਂ 12 ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਆਊਟਸੋਰਸਿੰਗ ਰਾਹੀਂ Business Correspondents ਲਗਾਏ ਜਾਣੇ ਹਨ। ਪ੍ਰਾਰਥੀ ਦੀ ਵਿਦਿਅਕ ਯੋਗਤਾ ਅਤੇ ਹੋਰ ਮਾਪਦੰਡ ਨਿਮਨਲਿਖਤ ਅਨੁਸਾਰ ਹਨ:

**1. ਵਿਦਿਅਕ ਯੋਗਤਾ**

ੳ) ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੈਜੂਏਟ ਦੀ ਡਿਗਰੀ।

ਅ) ਦਸਵੀ ਪੱਧਰ ਦੀ ਪੰਜਾਬੀ ਦੀ ਵਿਦਿਅਕ ਯੋਗਤਾ।

ੲ) ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ ਵਿਭਾਗ ਦੇ "ੳ" ਲੈਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ

ਜਾਂ

ਉਮੀਦਵਾਰ ਨੇ ਸਰਕਾਰ ਵੱਲੋ ਪ੍ਰਵਾਨਤ ਕਿਸੇ ਸੰਸਥਾ ਜਾਂ ਕਿਸੇ ਮਸਹੂਰ ਸੰਸਥਾ ਜੋ ISO9001 ਅਨੁਸਾਰ ਤਸਦੀਕਸੁਦਾ ਹੋਵੇ ਤੋਂ ਘੱਟੋ-ਘੱਟ 120 ਘੰਟੇ ਦਾ ਪਰਸਨਲ ਕੰਪਿਊਟਰ ਦਾ ਕੋਰਸ/ਇਨਫੋਰਮੇਸਨ ਟੈਕਨੋਲੋਜੀ ਵਿੱਚ ਆਫਿਸ ਪ੍ਰੋਡਕਟੀਵਿਟੀ ਐਪਲੀਕੇਸਨ ਦਾ ਕੋਰਸ/ ਡੈਸਕਟਾਪ ਪਬਲਿਸ਼ਿੰਗ ਦਾ ਕੋਰਸ ਕੀਤਾ ਹੋਵੇ

ਸ) ਪੇਂਡੂ ਪਿਛੋਕੜ (ਮੁੱਢਲੀ ਖੇਤੀਬਾੜੀ ਸਹਿਕਾਰੀ ਸਭਾ ਦੇ ਕਾਰਜ ਖੇਤਰ ਦੇ ਪ੍ਰਾਰਥੀ ਨੂੰ ਤਰਜੀਹ ਦਿੱਤੀ ਜਾਵੇਗੀ)।

**2. ਹੋਰ ਮਾਪਦੰਡ**

ੳ) ਪ੍ਰਾਰਥੀ ਦੀ ਉਮਰ ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ ਨੂੰ ਘੱਟੋ-ਘੱਟ 25 ਸਾਲ ਵੱਧ ਤੋਂ ਵੱਧ 45 ਸਾਲ ਹੋਵੇ।

ਅ) ਮੁੱਢਲੀ ਨਿਯੁਕਤੀ ਇੱਕ ਸਾਲ ਵਾਸਤੇ ਹੋਵੇਗੀ, ਜਿਸ ਨੂੰ ਸਾਲ ਬਾਅਦ ਰਵਿਊ ਕਰਨ ਉਪਰੰਤ ਵਧਾਇਆ ਜਾ ਸਕਦਾ ਹੈ।

ੲ) ਪ੍ਰਾਰਥੀ ਨੂੰ ਇੱਕ ਏਕੜ ਜਮੀਨ ਬੈਂਕ ਦੇ ਨਾਮ ਆੜ ਰਹਿਣ ਕਰਵਾਉਣੀ ਹੋਵੇਗੀ, ਜੇਕਰ ਜਮੀਨ ਨਹੀ ਹੈ ਤਾਂ ਇੱਕ ਲੱਖ ਰੁਪਏ ਦੀ ਬੈਂਕ ਗਾਰੰਟੀ ਦੇਣੀ ਹੋਵੇਗੀ।

3. **ਮਿਹਨਤਾਨਾ:** ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਪੱਤਰ ਨੰ. RCS/Credit-2/C.E.A-3/2148 ਮਿਤੀ 02-11-2021 ਰਾਹੀਂ ਜਾਰੀ ਪਾਲਿਸੀ (ਸਮੇਂ ਸਮੇਂ ਸਿਰ ਹੋਣ ਵਾਲੀ ਸੋਧ) ਅਨੁਸਾਰ ਹੋਵੇਗਾ।

4. ਪ੍ਰਾਰਥੀ ਵੱਲੋਂ ਮੁੱਢਲੀ ਖੇਤੀਬਾੜੀ ਸਹਿਕਾਰੀ ਸਭਾ ਦੇ ਹਰ ਤਰ੍ਹਾਂ ਦੇ ਕੰਮਕਾਜ ਨੂੰ ਦੇਖਣ ਦੀ ਜਿੰਮੇਵਾਰੀ ਹੋਵੇਗੀ। ਬਾਕੀ ਸਰਤਾਂ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਪੱਤਰ ਨੰ. RCS/Credit-2/C.E.A-3/2148 ਮਿਤੀ 02-11-2021 ਰਾਹੀ ਜਾਰੀ ਪਾਲਿਸੀ (ਸਮੇਂ ਸਮੇਂ ਸਿਰ ਹੋਣ ਵਾਲੀ ਸੋਧ) ਅਨੁਸਾਰ ਹੋਣਗੀਆਂ।

ਉਪਰੋਕਤ ਯੋਗਤਾਵਾਂ ਪੂਰੀਆਂ ਕਰਨੇ ਵਾਲੇ ਪ੍ਰਾਰਥੀ ਰਜਿਸਟਰਡ ਪੋਸਟ/ਦਸਤੀ ਰਾਹੀ ਆਪਣਾ ਪ੍ਰਾਰਥਣਾ ਪੱਤਰ ਜਿਸ ਵਿੱਚ ਪ੍ਰਾਰਥੀ ਦਾ ਨਾਮ, ਪਿਤਾ ਦਾ ਨਾਮ, ਜਨਮ ਮਿਤੀ, ਪਾਸਪੋਰਟ ਸਾਈਜ ਤਸਦੀਕਸੁਦਾ ਫੋਟੋ, ਮੋਬਾਇਲ ਨੰਬਰ, ਈਮੇਲ ਆਈ.ਡੀ., ਪੱਕਾ ਪਤਾ, ਲਿੰਗ, ਵਿਦਿਅਕ ਯੋਗਤਾ, ਤਜਰਬਾ ਜੇਕਰ ਕੋਈ ਹੈ, ਸਮੇਤ ਵਿਦਿਅਕ ਯੋਗਤਾ ਸਰਟੀਫਿਕੇਟਾਂ ਦੀ ਤਸਦੀਕਸੁਦਾ ਕਾਪੀ ਅਤੇ ਪੱਕੇ ਪਤੇ ਦਾ ਸਬੂਤ ਅਤੇ ਅਧਾਰ

ਕਾਰਡ ਦੀ ਕਾਪੀ ਪ੍ਰਾਰਥਣਾ ਪੱਤਰ ਨਾਲ ਲਗਾਕੇ ਬੈਂਕ ਦੇ ਮੁੱਖ ਦਫਤਰ ਜਯੋਤੀ ਸਰੂਪ ਮੋੜ ਸਹਿਕਾਰਤਾ ਭਵਨ ਫਤਿਹਗੜ੍ਹ ਸਾਹਿਬ ਵਿਖੇ ਮਿਤੀ 25/07/2023 ਤੱਕ ਸਾਮ 5.00 ਵਜੇ ਤੱਕ ਭੇਜ ਸਕਦੇ ਹਨ। ਜਿਸ ਸਭਾ ਲਈ ਅਪਲਾਈ ਕਰਨਾ ਹੈ ਉਸ ਦਾ ਨਾਮ ਪ੍ਰਾਰਥਣਾ ਪੱਤਰ ਅਤੇ ਇਨਵੈਲਪ ਤੇ ਦਰਜ ਹੋਣਾ ਜਰੂਰੀ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਪ੍ਰਾਰਥਣਾ ਪੱਤਰ ਨੂੰ ਰੱਦ ਕਰ ਦਿੱਤਾ ਜਾਵੇਗਾ।

ਨੋਟ: ਸਭਾਵਾਂ ਅਤੇ ਉਨ੍ਹਾਂ ਦੇ ਕਾਰਜ ਖੇਤਰ ਦੀ ਲਿਸਟ ਅਤੇ ਬੇਨਤੀ ਪੱਤਰ ਦੀ ਕਾਪੀ ਕਿਸੇ ਵੀ ਕੰਮ ਵਾਲੇ ਦਿਨ ਬੈਂਕ ਦੇ ਮੁੱਖ ਦਫਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਬੈਕ ਦੀ ਵੈਬਸਾਈਟ https://fgsccb.pb.coopbank.in/ ਤੋ ਵੀ ਡਾਊਨਲੋਡ ਕੀਤੀ ਜਾ ਸਕਦੀ ਹੈ। ਸਿਲੈਕਸ਼ਨ ਕਮੇਟੀ ਨੂੰ ਸੋਧੀਆਂ ਯੋਗਤਾਵਾਂ ਅਤੇ ਮਾਪਦੰਡ ਲਾਗੂ ਕਰਨ ਦਾ ਅਧਿਕਾਰ ਹੋਵੇਗਾ।

Appointing Authority